# ਤੁਹਾਡੇ ਬੱਚੇ ਦਾ ਪ੍ਰੋਸੀਜਰ

## Anesthetic Care Unit (ACU)
## Punjabi

ਡਿਪਾਰਟਮੈਂਟ ਆਫ਼ ਸਰਜਰੀ ਐਂਡ ਐਨਸਥੀਸੀਆ
Department of Surgery and Anesthesia
4480 Oak Street, Vancouver, BC V6H 3V4
604-875-2345 1-888-300-3088
www.bcchildrens.ca

## ਤੁਹਾਡੇ ਬੱਚੇ ਦੀ ਸਰਜਰੀ ਜਾਂ ਪ੍ਰੋਸੀਜਰ

### Your Child's Surgery or Procedure

**ਇਹ ਸੁਣਨਾ ਤਣਾਅਪੂਰਨ ਹੋ ਸਕਦਾ ਹੈ ਕਿ ਤੁਹਾਡੇ ਬੱਚੇ ਨੂੰ ਕਿਸੇ ਸਰਜਰੀ ਜਾਂ ਪ੍ਰੋਸੀਜਰ ਦੀ ਲੋੜ ਹੈ। ਇਹ ਜਾਣਕਾਰੀ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਤਿਆਰ ਮਹਿਸੂਸ ਕਰਵਾਉਣ ਲਈ ਪੇਸ਼ ਕੀਤੀ ਗਈ ਹੈ।**

**ਪ੍ਰੋਸੀਜਰ ਹੋਣ ਤੋਂ ਬਾਅਦ 72 ਘੰਟੇ ਦੇ ਅੰਦਰ-ਅੰਦਰ ਜੇ ਤੁਸੀਂ ਹੇਠ ਲਿਖੀਆਂ ਚੀਜ਼ਾਂ ਦੇਖੋ ਤਾਂ ਬੀ.ਸੀ. ਚਿਲਡ੍ਰਨ'ਜ਼ ਹਸਪਤਾਲ ਵਿਖੇ ਆਉਣ ਤੋਂ**

**ਤੁਹਾਡੇ ਬੱਚੇ ਦਾ ਪ੍ਰੋਸੀਜਰ ਹੇਠ ਲਿਖੇ ਮੁਤਾਬਕ ਬੁੱਕ ਹੋਇਆ ਹੈ:**

**ਤਾਰੀਖ਼:** ____________________

**ਕਿਹੜੇ ਡਾਕਟਰ ਨਾਲ:** ____________________

**ਡਾਕਟਰ ਦਾ ਫ਼ੋਨ:** ____________________

**ਲੋਕੇਸ਼ਨ:** ਜਨਰਲ ਪ੍ਰੋਸੀਜਰਜ਼, ਤੀਜੀ ਮੰਜ਼ਿਲ
Teck Acute Care Centre
(ਟੈਕ ਐਕੀਊਟ ਕੇਅਰ ਸੈਂਟਰ)
880 ਵੈਸਟ 28th ਐਵੀਨਿਊ
ਵੈਨਕੂਵਰ, ਬੀ.ਸੀ.

**ਪਹਿਲਾਂ ਆਪਣੇ ਸਰਜਨ ਦੇ ਦਫ਼ਤਰ ਵਿਖੇ ਫ਼ੋਨ ਕਰੋ:**

- ਤੁਹਾਡੇ ਬੱਚੇ ਦੇ ਧੱਫੜ ਹੋਇਆ ਹੈ
- ਤੁਹਾਡੇ ਬੱਚੇ ਨੂੰ ਜ਼ੁਖ਼ਾਮ ਹੋਇਆ ਹੈ
- ਤੁਹਾਡੇ ਬੱਚੇ ਨੂੰ 38 ਡਿਗਰੀ ਸੈਲਸੀਅਸ ਤੋਂ ਵੱਧ ਬੁਖ਼ਾਰ ਹੋਇਆ ਹੈ
- ਤੁਹਾਡੇ ਬੱਚੇ ਨੂੰ ਦਸਤ ਲੱਗੇ ਹਨ
- ਤੁਹਾਡਾ ਬੱਚਾ ਸੁਸਤ ਮਹਿਸੂਸ ਕਰ ਰਿਹਾ ਹੈ, ਉਸ ਨੂੰ ਭੁੱਖ ਨਹੀਂ ਲੱਗ ਰਹੀ ਜਾਂ ਉਸ ਦੀ ਤਬੀਅਤ ਖ਼ਰਾਬ ਪ੍ਰਤੀਤ ਹੁੰਦੀ ਹੈ
- ਤੁਹਾਡਾ ਬੱਚਾ ਖਸਰਾ, ਮੰਪਸ (ਕੰਨਪੇੜੇ) ਜਾਂ ਚਿਕਨ ਪੌਕਸ ਜਿਹੇ ਰੋਗਾਣੂਆਂ ਨਾਲ ਗ੍ਰਸਤ ਕਿਸੇ ਵਿਅਕਤੀ ਦੇ ਸੰਪਰਕ ਵਿੱਚ ਆਇਆ ਹੈ
- ਤੁਹਾਨੂੰ ਆਪਣੇ ਬੱਚੇ ਦੀ ਸਿਹਤ ਬਾਰੇ ਕੋਈ ਹੋਰ ਚਿੰਤਾਵਾਂ ਹਨ

*Developed by the General Procedures ACU with assistance from the Patient Experience department*
BCCH © 2018 BC Children's Hospital

# ਤੁਹਾਡੇ ਬੱਚੇ ਦਾ ਪ੍ਰੋਸੀਜਰ

## Anesthetic Care Unit (ACU)
## Punjabi

ਡਿਪਾਰਟਮੈਂਟ ਆਫ਼ ਸਰਜਰੀ ਐਂਡ ਐਨਸਥੀਸੀਆ
Department of Surgery and Anesthesia
4480 Oak Street, Vancouver, BC V6H 3V4
604-875-2345 1-888-300-3088
www.bcchildrens.ca

## ਆਪਣੇ ਪਰਿਵਾਰ ਨੂੰ ਤਿਆਰ ਕਰਨਾ

## Preparing your Family



### ਆਪਣੇ ਬੱਚੇ ਨੂੰ ਤਿਆਰ ਕਰਨਾ

### Preparing your Child

ਤਸਵੀਰਾਂ ਅਤੇ ਕਹਾਣੀਆਂ ਰਾਹੀਂ ਸਰਜਰੀ ਬਾਰੇ ਗੱਲ ਕਰਨ ਨਾਲ ਬੱਚੇ ਨੂੰ ਅਣਪਛਾਤੇ ਹਾਲਾਤ ਨਾਲ ਨਜਿੱਠਣ ਵਿੱਚ ਮਦਦ ਮਿਲ ਸਕਦੀ ਹੈ। ਆਪਣੇ ਬੱਚੇ ਦੇ ਭਰਾਵਾਂ ਜਾਂ ਭੈਣਾਂ ਨੂੰ ਵੀ ਇਸ ਵਿੱਚ ਸ਼ਾਮਲ ਕਰਨਾ ਇੱਕ ਵਧੀਆ ਵਿਚਾਰ ਹੋ ਸਕਦਾ ਹੈ। ਆਪਣੇ ਬੱਚੇ ਨਾਲ ਪ੍ਰੋਸੀਜਰ ਬਾਰੇ ਗੱਲ ਕਰਨ ਸੰਬੰਧੀ 2 ਨੁਕਤੇ ਪੇਸ਼ ਹਨ:

1. "ਵੈਲਕਮ ਟੂ ਪ੍ਰੋਸੀਜਰਜ਼" ਵਰਚੂਅਲ ਟੂਅਰ ਦੇਖੋ ਅਤੇ ਸਾਡੀ ਵੈੱਬਸਾਈਟ 'ਤੇ ਜਾਓ: https://youtu.be/7O5OCiewqVY
2. ਪ੍ਰੋਸੀਜਰ ਬਾਰੇ ਜਿੰਨੀ ਵੱਧ ਤੋਂ ਵੱਧ ਹੋ ਸਕੇ ਜਾਣਕਾਰੀ ਹਾਸਲ ਕਰੋ। ਜੇ ਤੁਹਾਨੂੰ ਪਤਾ ਹੋਵੇ ਕਿ ਕਿਸ ਚੀਜ਼ ਦੀ ਉਮੀਦ ਕੀਤੀ ਜਾ ਸਕਦੀ ਹੈ ਤਾਂ ਤੁਸੀਂ ਆਪਣੇ ਬੱਚੇ ਦੀ ਬਿਹਤਰ ਢੰਗ ਨਾਲ ਮਦਦ ਕਰ ਸਕਦੇ ਹੋ।
   - ਇਮਾਨਦਾਰੀ ਨਾਲ ਦੱਸੋ ਕਿ ਕੀ ਹੋਵੇਗਾ ਅਤੇ ਕਿਉਂ ਹੋਵੇਗਾ
   - ਇਹ ਪਤਾ ਕਰੋ ਕਿ ਤੁਹਾਡਾ ਬੱਚਾ ਪਹਿਲਾਂ ਤੋਂ ਹੀ ਕੀ ਜਾਣਦਾ ਹੈ
   - ਆਪਣੇ ਬੱਚੇ ਨਾਲ ਵਿਚਾਰ-ਵਟਾਂਦਰਾ ਕਰੋ
     - ਬੱਚੇ ਦੀ ਉਮਰ ਅਤੇ ਵਿਕਾਸ ਮੁਤਾਬਕ ਤਿਆਰੀ ਕਰਵਾਉਣ ਲਈ ਚਾਈਲਡ ਲਾਈਫ਼ ਡਿਪਾਰਟਮੈਂਟ ਬਿਹਤਰੀਨ ਨੁਕਤੇ ਪੇਸ਼ ਕਰਦਾ ਹੈ। ਉਨ੍ਹਾਂ ਦੀ ਵੈੱਬਸਾਈਟ ਦੇਖੋ: http://www.bcchildrens.ca/our-services/support-services/child-life#Procedural--Preparation
   - ਆਪਣੇ ਬੱਚੇ ਨੂੰ ਢਾਰਸ ਦੇਣ ਦੇ ਤਰੀਕਿਆਂ ਬਾਰੇ ਸੋਚੋ ਅਤੇ ਪ੍ਰੋਸੀਜਰ ਵਾਲੇ ਦਿਨ ਸ਼ਾਂਤ ਰਹਿਣ ਵਿੱਚ ਉਸ ਦੀ ਮਦਦ ਕਰੋ।
   - ਤੁਸੀਂ ਆਪਣੇ ਬੱਚੇ ਬਾਰੇ ਸਭ ਤੋਂ ਵਧੀਆ ਢੰਗ ਨਾਲ ਜਾਣਦੇ ਹੋ। ਆਪਣੇ ਬੱਚੇ ਦਾ ਧਿਆਨ ਵੰਡਾਉਣ ਅਤੇ ਉਸ ਨੂੰ ਸ਼ਾਂਤ ਰੱਖਣ ਲਈ ਉਸ ਦੀਆਂ ਮਨਪਸੰਦ ਕਿਤਾਬਾਂ, ਖਿਡੌਣੇ ਜਾਂ ਡਿਵਾਇਸ ਨਾਲ ਲੈ ਕੇ ਆਓ।

## ਆਪਣੇ ਆਪ ਨੂੰ ਤਿਆਰ ਕਰਨਾ

### Preparing Yourself

- ਆਪਣੇ ਆਪ ਨੂੰ ਦੇਖੋ। ਹੋ ਸਕਦਾ ਹੈ ਕਿ ਤੁਸੀਂ ਵੀ ਆਪਣੇ ਬੱਚੇ ਨਾਲ ਕੁਝ ਨਾ ਖਾਧਾ ਹੋਵੇ। ਇਸ ਲਈ ਅਸੀਂ ਤੁਹਾਨੂੰ ਹੱਲਾਸ਼ੇਰੀ ਦਿੰਦੇ ਹਾਂ ਕਿ ਜਦੋਂ ਤੁਹਾਡੇ ਬੱਚੇ ਦਾ ਪ੍ਰੋਸੀਜਰ ਚਲ ਰਿਹਾ ਹੋਵੇ ਉਦੋਂ ਜੇ ਤੁਹਾਡੇ ਕੋਲ ਸਮਾਂ ਹੈ ਤਾਂ ਤੁਸੀਂ ਸੈਰ ਕਰਨ ਜਾਂ ਕੁਝ ਹਲਕਾ ਭੋਜਨ ਖਾਣ-ਪੀਣ ਲਈ ਜਾਓ।
- ਅਸੀਂ ਜੋ ਕਰ ਜਾਂ ਕਹਿ ਰਹੇ ਹਾਂ, ਜੇ ਉਸ ਵਿੱਚੋਂ ਕਿਸੇ ਚੀਜ਼ ਬਾਰੇ ਤੁਹਾਨੂੰ ਪੱਕਾ ਪਤਾ ਨਹੀਂ ਹੈ ਤਾਂ ਸਵਾਲ ਪੁੱਛੋ। ਆਪਣੇ ਸਵਾਲਾਂ ਦੀ ਇੱਕ ਸੂਚੀ ਤਿਆਰ ਕਰੋ ਅਤੇ ਉਸ ਨੂੰ ਆਪਣੇ ਨਾਲ ਲੈ ਕੇ ਆਓ ਤਾਂ ਕਿ ਤੁਸੀਂ ਆਪਣਾ ਕੋਈ ਸਵਾਲ ਪੁੱਛਣਾ ਭੁੱਲ ਨਾ ਜਾਓ।
- ਇਹ ਯੋਜਨਾ ਬਣਾਓ ਕਿ ਪ੍ਰੋਸੀਜਰ ਵਾਲੇ ਦਿਨ ਤੁਸੀਂ ਬੀ.ਸੀ. ਚਿਲਡ੍ਰਨ'ਜ਼ ਹਸਪਤਾਲ ਵਿਖੇ ਕਿਵੇਂ ਪਹੁੰਚਣਾ ਹੈ। ਜਦੋਂ ਤੁਹਾਡੇ ਬੱਚੇ ਦਾ ਪ੍ਰੋਸੀਜਰ ਚੱਲਦਾ ਹੋਵੇਗਾ ਉਦੋਂ ਤੁਹਾਨੂੰ ਨੇੜੇ-ਤੇੜੇ ਹੀ ਰਹਿਣਾ ਪਵੇਗਾ। ਵਕਤ ਗੁਜ਼ਾਰਨ ਲਈ ਕੋਈ ਕਿਤਾਬ ਜਾਂ ਡਿਵਾਇਸ ਆਪਣੇ ਨਾਲ ਲੈ ਕੇ ਆਓ।

ਪ੍ਰੋਸੀਜਰ ਵਾਲੇ ਦਿਨ ਲਈ ਕਿਵੇਂ ਤਿਆਰ ਹੋਣਾ ਹੈ ਇਸ ਬਾਰੇ ਹੋਰ ਸੁਝਾਵਾਂ ਲਈ ਕਿਰਪਾ ਕਰਕੇ ਸਾਡੀ ਵੈੱਬਸਾਈਟ 'ਤੇ ਜਾਓ: **http://www.bcchildrens.ca/our-services/hospital-services/surgery**

*Developed by the General Procedures ACU with assistance from the Patient Experience department*

BCCH © 2018 BC Children's Hospital

ਡਿਪਾਰਟਮੈਂਟ ਆਫ਼ ਸਰਜਰੀ ਐਂਡ ਐਨਸਥੀਸੀਆ
Department of Surgery and Anesthesia
4480 Oak Street, Vancouver, BC V6H 3V4
604-875-2345 1-888-300-3088
www.bcchildrens.ca


## ਪ੍ਰੋਸੀਜਰ ਵਾਲੇ ਦਿਨ ਮਦਦ ਦਾ ਬੰਦੋਬਸਤ ਕਰਨਾ

### Making Arrangements for Help for the Day of the Procedure

- ਆਪਣੇ ਬੱਚੇ ਦੇ ਪ੍ਰੋਸੀਜਰ ਦੌਰਾਨ ਆਪਣੇ ਹੋਰਨਾਂ ਬੱਚਿਆਂ ਦੀ ਦੇਖਭਾਲ ਲਈ ਪ੍ਰਬੰਧ ਕਰੋ।
- ਸੁਰੱਖਿਆ ਕਾਰਣਾਂ ਲਈ ਇਹ ਲਾਜ਼ਮੀ ਹੈ ਕਿ ਤੁਸੀਂ ਆਪਣੇ ਬੱਚੇ ਨੂੰ ਗੱਡੀ ਵਿੱਚ ਘਰ ਵਾਪਸ ਲੈ ਕੇ ਜਾਉ। ਜੇ ਇਹ ਸੰਭਵ ਨਹੀਂ ਹੈ ਤਾਂ ਕਿਰਪਾ ਕਰਕੇ ਆਪਣੀ ਨਰਸ ਨੂੰ ਦੱਸੋ।

## ਘਰ ਵਿੱਚ ਆਪਣੇ ਬੱਚੇ ਦੀ ਸਿਹਤਯਾਬੀ ਲਈ ਤਿਆਰੀ ਕਰਨੀ

### Preparing for Your Child’s Recovery at Home

- ਆਪਣੇ ਬੱਚੇ ਦੀ ਉਮਰ ਮੁਤਾਬਕ ਉਸ ਲਈ ਢੁਕਵੀਂ ਅਸੀਟਾਮਿਨੋਫਿਨ (Tylenol® – ਟਾਇਲਾਨੌਲ), ਆਈਬੁਪ੍ਰੋਫ਼ਿਨ (Advil® – ਐਡਵਿਲ ਜਾਂ Motrin® – ਮੋਟਰਿਨ) ਅਤੇ ਕਚਿਆਣ ਵਿਰੋਧੀ (ਗ੍ਰੈਵੋਲ – Gravol®) ਦਵਾਈਆਂ ਘਰ ਵਿੱਚ ਰੱਖੋ।
- ਜੇ ਤੁਹਾਡੇ ਬੱਚੇ ਦਾ ਪੇਟ ਖ਼ਰਾਬ ਹੋ ਜਾਵੇ ਤਾਂ ਉਸ ਨੂੰ ਬਿਹਤਰ ਮਹਿਸੂਸ ਕਰਵਾਉਣ ਵਾਲੇ ਭੋਜਨ ਘਰ ਵਿੱਚ ਰੱਖੋ (ਜਿਵੇਂ ਕਿ ਸਾਦਾ ਟੋਸਟ, ਕ੍ਰੈਕਰਜ਼ ਜਾਂ ਜਿੰਜਰੇਲ)। **ਪ੍ਰੋਸੀਜਰ ਤੋਂ ਪਹਿਲਾਂ ਤੁਹਾਡੇ ਬੱਚੇ ਨੇ ਕੁਝ ਵੀ ਨਹੀਂ ਖਾਣਾ, ਇਹ ਭੋਜਨ ਘਰ ਵਾਪਸ ਆਉਣ 'ਤੇ ਖਾਣ ਲਈ ਹਨ।**
- ਅਜਿਹੇ ਹੋਰ ਭੋਜਨ ਤਿਆਰ ਰੱਖੋ ਜਿਨ੍ਹਾਂ ਨੂੰ ਤੁਹਾਡਾ ਬੱਚਾ ਆਸਾਨੀ ਨਾਲ ਨਿਗਲ ਸਕਦਾ ਹੈ (ਜਿਵੇਂ ਕਿ ਸੂਪ, ਪੁਡਿੰਗ ਜਾਂ ਪੌਪਸਿਕਲਜ਼)।
- ਇਹ ਪੱਕਾ ਕਰੋ ਕਿ ਤੁਹਾਡੇ ਕੋਲ ਬੱਚਿਆਂ ਵਾਲਾ ਥਰਮਾਮੀਟਰ ਹੋਵੇ ਜਿਹੜਾ ਕਿ ਚੱਲਦਾ ਹੋਵੇ ਅਤੇ ਇਸਤੇਮਾਲ ਕੀਤੇ ਜਾਣ ਲਈ ਤਿਆਰ ਹੋਵੇ।
- ਪ੍ਰੋਸੀਜਰ ਤੋਂ ਬਾਅਦ ਵਾਲਾ ਅਗਲਾ ਦਿਨ ਘਰ ਵਿੱਚ ਸ਼ਾਂਤਮਈ ਢੰਗ ਨਾਲ ਆਪਣੇ ਬੱਚੇ ਦੇ ਨਾਲ ਰਹਿਣ ਦੀ ਯੋਜਨਾ ਬਣਾਓ ਤਾਂ ਕਿ ਤੁਸੀਂ ਬੱਚੇ ਦੀ ਨਿਗਰਾਨੀ ਕਰ ਸਕੋ।

## ਕਿਸੇ ਬਾਹਰਲੇ ਸ਼ਹਿਰ ਤੋਂ ਆ ਰਹੇ ਹੋ?

### From Out of Town?

- ਪ੍ਰੋਸੀਜਰ ਦੀ ਤਾਰੀਖ਼ ਬਾਰੇ ਪਤਾ ਲੱਗਦੇ ਸਾਰ ਹੀ ਆਪਣੇ ਆਉਣ ਅਤੇ ਠਹਿਰਨ ਦਾ ਪ੍ਰਬੰਧ ਕਰੋ।
- ਬੀ.ਸੀ. ਫੈਮਲੀ ਰੈਜ਼ੀਡੈਂਸ ਪ੍ਰੋਗਰਾਮ ਬੱਸ ਜਾਂ ਹਵਾਈ ਸਫ਼ਰ ਦਾ ਪ੍ਰਬੰਧ ਅਤੇ ਖ਼ਰਚਾ ਅਦਾ ਕਰਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ। ਇਹ ਬੀ.ਸੀ. ਚਿਲਡ੍ਰਨ'ਜ਼ ਹਸਪਤਾਲ ਦੇ ਨਜ਼ਦੀਕ ਤੁਹਾਡੇ ਠਹਿਰਨ ਦਾ ਪ੍ਰਬੰਧ ਅਤੇ ਖ਼ਰਚਾ ਅਦਾ ਕਰਨ ਵਿੱਚ ਵੀ ਤੁਹਾਡੀ ਮਦਦ ਕਰ ਸਕਦੇ ਹਨ। ਤੁਹਾਨੂੰ ਉਨ੍ਹਾਂ ਨੂੰ ਤਾਰੀਖ਼ਾਂ, ਆਉਣ ਦੀ ਵਜ੍ਹਾ, ਆਪਣੇ ਬੱਚੇ ਦਾ ਬੀ.ਸੀ. ਹੈਲਥ ਕੇਅਰ ਕਾਰਡ ਨੰਬਰ ਅਤੇ ਡਾਕਟਰ ਦਾ ਨਾਮ ਦੱਸਣਾ ਪਵੇਗਾ।

ਬੀ.ਸੀ. ਚਿਲਡ੍ਰਨ'ਜ਼ ਹਸਪਤਾਲ ਵਿਖੇ ਕਿਵੇਂ ਪਹੁੰਚਣਾ ਹੈ ਅਤੇ ਕਿੱਥੇ ਠਹਿਰਨਾ ਹੈ, ਇਹ ਜਾਣਨ ਲਈ ਫੈਮਲੀ ਸੱਪੋਰਟ ਟਿੱਪਸ ਦੇਖੋ। ਤੁਸੀਂ ਉਨ੍ਹਾਂ ਬਾਰੇ ਇੱਥੋਂ ਜਾਣ ਸਕਦੇ ਹੋ: www.bcchildrens.ca/fsrc



BCCH © 2018 BC Children’s Hospital

# ਤੁਹਾਡੇ ਬੱਚੇ ਦਾ ਪ੍ਰੋਸੀਜਰ

**Anesthetic Care Unit (ACU)**
**Punjabi**

ਡਿਪਾਰਟਮੈਂਟ ਆਫ਼ ਸਰਜਰੀ ਐਂਡ ਐਨਸਥੀਸੀਆ
Department of Surgery and Anesthesia
4480 Oak Street, Vancouver, BC V6H 3V4
604-875-2345 1-888-300-3088
www.bcchildrens.ca

## ਪ੍ਰੋਸੀਜਰ ਤੋਂ ਇੱਕ ਦਿਨ ਪਹਿਲਾਂ

### The Day Before the Procedure

### ਨਰਸ ਦੇ ਫ਼ੋਨ ਦੀ ਆਸ ਰੱਖੋ

**Expect a Call from a Nurse**

ਤੁਹਾਡੇ ਬੱਚੇ ਦੇ ਪ੍ਰੋਸੀਜਰ ਤੋਂ ਇੱਕ (1) ਕੰਮ-ਕਾਜੀ ਦਿਨ ਪਹਿਲਾਂ ਸਵੇਰੇ 11:00 ਤੋਂ ਸ਼ਾਮ 6:00 ਵਜੇ ਦੇ ਵਿਚਕਾਰ ਜਨਰਲ ਪ੍ਰੋਸੀਜਰਜ਼ ਤੋਂ ਕੋਈ ਨਰਸ ਤੁਹਾਨੂੰ ਫ਼ੋਨ ਕਰੇਗੀ। ਇਹ ਇੱਕ ਮਹੱਤਵਪੂਰਣ ਫ਼ੋਨ-ਕਾਲ ਹੈ। ਸ਼ਾਂਤ ਥਾਂ ਵਿਖੇ ਜਾਓ, ਜ਼ਰੂਰੀ ਗੱਲਾਂ ਲਿਖ ਲਓ ਅਤੇ ਸਵਾਲ ਪੁੱਛੋ ਤਾਂ ਕਿ ਹੇਠ ਲਿਖੀਆਂ ਗੱਲਾਂ ਤੁਹਾਨੂੰ ਸਪਸ਼ਟ ਹੋਣ:

1. ਤੁਹਾਡਾ ਬੱਚਾ ਪ੍ਰੋਸੀਜਰ ਤੋਂ ਪਹਿਲਾਂ ਆਖਰੀ ਵਾਰੀ ਕਦੋਂ ਕੁਝ ਖਾ ਪੀ ਸਕਦਾ ਹੈ।
2. ਤੁਹਾਡਾ ਬੱਚਾ ਕਿਹੜੀਆਂ ਆਮ ਦਵਾਈਆਂ ਲੈ ਸਕਦਾ ਹੈ।
3. ਹਸਪਤਾਲ ਕਦੋਂ ਪਹੁੰਚਣਾ ਹੈ ਅਤੇ ਤੁਹਾਨੂੰ ਉੱਥੇ ਲਗਭਗ ਕਿੰਨਾ ਚਿਰ ਰੁਕਣਾ ਪਵੇਗਾ।



ਜੇ ਤੁਹਾਨੂੰ ਬਹੁਤੀ ਅੰਗਰੇਜ਼ੀ ਨਹੀਂ ਆਉਂਦੀ ਤਾਂ ਇਸ ਕਾਲ ਦੌਰਾਨ ਅੰਗਰੇਜ਼ੀ ਬੋਲ ਸਕਣ ਵਾਲੇ ਆਪਣੇ ਕਿਸੇ ਪਰਿਵਾਰਕ ਮੈਂਬਰ ਜਾਂ ਮਿੱਤਰ ਨੂੰ ਆਪਣੇ ਨਾਲ ਰਹਿਣ ਲਈ ਕਹੋ ਅਤੇ ਫ਼ੋਨ ਕਰਨ ਵਾਲੀ ਨਰਸ ਨੂੰ ਕਹੋ ਕਿ ਪ੍ਰੋਸੀਜਰ ਵਾਲੇ ਦਿਨ ਉਹ ਤੁਹਾਡੇ ਲਈ ਇੱਕ ਦੁਭਾਸ਼ੀਏ ਦਾ ਪ੍ਰਬੰਧ ਕਰੇ।

**ਜੇ ਤੁਹਾਨੂੰ ਕੋਈ ਫ਼ੋਨ ਨਹੀਂ ਆਉਂਦਾ ਤਾਂ ਸ਼ਾਮ ਦੇ 5:00 ਵਜੇ ਤੋਂ ਪਹਿਲਾਂ ਕਿਰਪਾ ਕਰਕੇ 604-875-2191 'ਤੇ ਫ਼ੋਨ ਕਰੋ।**

### ਪ੍ਰੋਸੀਜਰ ਤੋਂ ਪਹਿਲਾਂ ਵਾਲੀ ਰਾਤ

**The Night Before the Procedure**

- ਜੇ ਪ੍ਰੋਸੀਜਰ ਤੋਂ ਪਹਿਲਾਂ ਦਿੱਤੀ ਜਾਣ ਵਾਲੀ ਕੋਈ ਦਵਾਈ ਤੁਹਾਡੇ ਬੱਚੇ ਵਾਸਤੇ ਤਜਵੀਜ਼ ਕੀਤੀ ਗਈ ਹੈ ਤਾਂ ਉਸ ਨੂੰ ਉਹ ਦਵਾਈ ਦਿਓ।
- ਇਹ ਯਕੀਨੀ ਬਣਾਓ ਕੇ ਤੁਹਾਡੇ ਬੱਚੇ ਨੇ ਕੋਈ ਮੇਕ-ਅੱਪ, ਨਹੁੰ ਪਾਲਸ਼ ਨਹੀਂ ਲਗਾਈ ਹੋਈ ਜਾਂ ਕੋਈ ਗਹਿਣੇ ਨਹੀਂ ਪਹਿਨੇ ਹੋਏ (ਕੰਨਾਂ ਦੀਆਂ ਵਾਲ਼ੀਆਂ ਜਾਂ ਸਰੀਰ ਦੇ ਵਿੰਨ੍ਹੇ ਹੋਏ ਹੋਰ ਹਿੱਸੇ ਵੀ ਸ਼ਾਮਲ ਹਨ)।
- ਆਪਣੇ ਬੱਚੇ ਨੂੰ ਇਸ਼ਨਾਨ ਕਰਵਾਓ ਅਤੇ ਉਸ ਦੇ ਕੇਸ (ਵਾਲ਼) ਧੋਵੋ। ਜੇ ਤੁਹਾਡੇ ਬੱਚੇ ਦੇ ਵਾਲ਼ ਲੰਮੇ ਹਨ ਤਾਂ ਉਨ੍ਹਾਂ ਦੀ ਗੁੱਤ/ਜੂੜਾ ਬਣਾ ਦਿਓ।

### ਪ੍ਰੋਸੀਜਰ ਤੋਂ ਪਹਿਲਾਂ ਨਾ ਖਾਣਾ

**Fasting Before the Procedure**

ਜਦੋਂ ਤੁਹਾਡੇ ਬੱਚੇ ਨੂੰ ਐਨਸਥੈਟਿਕ (ਬੇਹੋਸ਼ ਕਰਨ ਵਾਲੀ ਦਵਾਈ) ਦਿੱਤਾ ਜਾਂਦਾ ਹੈ, ਉਦੋਂ ਉਸ ਦਾ ਟਿੱਢ ਖਾਲੀ ਹੋਣਾ ਬਹੁਤ ਜ਼ਰੂਰੀ ਹੈ। ਅਜਿਹਾ ਇਸ ਲਈ ਤਾਂ ਕਿ ਐਨਸਥੈਟਿਕ ਦਾ ਅਸਰ ਸ਼ੁਰੂ ਹੋਣ 'ਤੇ ਬੱਚੇ ਨੂੰ ਉਲਟੀ ਨਾ ਆਵੇ ਅਤੇ ਉਸ ਦਾ ਦਮ ਨਾ ਘੁਟੇ। ਬੱਚੇ ਨੂੰ ਐਨਸਥੈਟਿਕ ਦਿੱਤੇ ਜਾਣ ਤੋਂ ਪਹਿਲਾਂ ਜੇ ਉਸ ਦੇ ਪੇਟ ਵਿੱਚ ਭੋਜਨ ਮੌਜੂਦ ਹੋਵੇ ਤਾਂ ਉਹ ਉਸ ਦੇ ਫੇਫੜਿਆਂ ਵਿੱਚ ਜਾ ਸਕਦਾ ਹੈ ਅਤੇ ਤੁਹਾਡੇ ਬੱਚੇ ਨੂੰ ਨਿਮੋਨੀਆ ਹੋ ਸਕਦਾ ਹੈ।

ਇਸ ਲਈ ਅਸੀਂ ਚਾਹੁੰਦੇ ਹਾਂ ਕਿ ਐਨਸਥੈਟਿਕ ਦਿੱਤੇ ਜਾਣ ਤੋਂ ਪਹਿਲਾਂ ਤੁਹਾਡੇ ਬੱਚੇ ਦਾ ਪੇਟ ਵੱਧ ਤੋਂ ਵੱਧ ਖਾਲੀ ਹੋਵੇ – ਤਾਂ ਕਿ ਤੁਹਾਡਾ ਬੱਚਾ ਸੁਰੱਖਿਅਤ ਰਹੇ। ਅਸੀਂ ਸਮਝਦੇ ਹਾਂ ਕਿ ਭੁੱਖਾ ਬੱਚਾ ਪਰੇਸ਼ਾਨ ਅਤੇ ਚਿੜਚਿੜਾ ਹੋਇਆ ਹੁੰਦਾ ਹੈ, ਅਸੀਂ ਜਾਣਦੇ ਹਾਂ ਕਿ ਮਾਪਿਆਂ ਲਈ ਆਪਣੇ ਬੱਚੇ ਨੂੰ ਭੁੱਖਾ ਰੱਖਣਾ ਬਹੁਤ ਔਖਾ ਹੁੰਦਾ ਹੈ – ਕੋਈ ਮਾਪਾ ਇਹ ਨਹੀਂ ਚਾਹੁੰਦਾ ਕਿ ਉਨ੍ਹਾਂ ਦਾ ਬੱਚਾ ਭੁੱਖਾ ਰਹੇ। ਪਰ ਐਨਸਥੈਟਿਕ ਮਿਲਣ ਵੇਲੇ ਬੱਚੇ ਨੂੰ ਵੱਧ ਤੋਂ ਵੱਧ ਸੁਰੱਖਿਅਤ ਰੱਖਣ ਲਈ ਸਾਨੂੰ ਤੁਹਾਡੀ ਮਦਦ ਚਾਹੀਦੀ ਹੈ।


BCCH © 2018 BC Children's Hospital

# ਤੁਹਾਡੇ ਬੱਚੇ ਦਾ ਪ੍ਰੋਸੀਜਰ

## Anesthetic Care Unit (ACU)
## Punjabi

ਡਿਪਾਰਟਮੈਂਟ ਆਫ਼ ਸਰਜਰੀ ਐਂਡ ਐਨਸਥੀਸੀਆ
Department of Surgery and Anesthesia
4480 Oak Street, Vancouver, BC V6H 3V4
604-875-2345 1-888-300-3088
www.bcchildrens.ca

**ਜੇ ਤੁਸੀਂ ਭੋਜਨ ਨਾ ਖਾਣ ਸੰਬੰਧੀ ਹਿਦਾਇਤਾਂ ਦੀ ਪਾਲਣਾ ਨਹੀਂ ਕਰਦੇ ਤਾਂ ਤੁਹਾਡੇ ਬੱਚੇ ਦੀ ਸਰਜਰੀ ਜਾਂ ਪ੍ਰੋਸੀਜਰ ਨੂੰ ਟਾਲ ਜਾਂ ਰੱਦ ਕਰ ਦਿੱਤਾ ਜਾਵੇਗਾ।**

## ਭੁੱਖੇ ਰਹਿਣ ਸੰਬੰਧੀ ਹਿਦਾਇਤਾਂ

### Fasting Instructions

STOP **ਆਉਣ ਦੇ ਸਮੇਂ ਤੋਂ ਪਹਿਲਾਂ ਵਾਲੀ ਅੱਧੀ ਰਾਤ ਨੂੰ ਠੋਸ ਭੋਜਨ ਦੇਣਾ ਬੰਦ ਕਰ ਦਿਓ**

- ਠੋਸ ਭੋਜਨ ਵਿੱਚ ਠੋਸ ਤੱਤਾਂ ਵਾਲੇ ਤਰਲ ਪਦਾਰਥ ਸ਼ਾਮਲ ਹਨ (ਜਿਵੇਂ ਕਿ ਸੰਤਰੇ ਦਾ ਜੂਸ, ਸੂਪ ਦੀ ਤਰੀ), ਅਤੇ Jell-O (ਜੈਲੋ)

STOP **ਬੋਤਲ ਰਾਹੀਂ ਦਿੱਤਾ ਜਾਣ ਵਾਲਾ ਭੋਜਨ (ਫ਼ਾਰਮੂਲਾ) ਜਾਂ ਟਿਊਬ ਰਾਹੀਂ ਦਿੱਤਾ ਜਾਣ ਵਾਲਾ ਭੋਜਨ ਹਸਪਤਾਲ ਆਉਣ ਤੋਂ 6 ਘੰਟੇ ਪਹਿਲਾਂ ਦੇਣਾ ਬੰਦ ਕਰ ਦਿਓ**

STOP **ਮਾਂ ਦਾ ਦੁੱਧ ਹਸਪਤਾਲ ਆਉਣ ਤੋਂ 4 ਘੰਟੇ ਪਹਿਲਾਂ ਬੰਦ ਕਰ ਦਿਓ**

STOP **ਸਾਫ਼ ਤਰਲ ਪਦਾਰਥ ਹਸਪਤਾਲ ਆਉਣ ਤੋਂ 1 ਘੰਟੇ ਪਹਿਲਾਂ ਬੰਦ ਕਰ ਦਿਓ**

- ਸਾਫ਼ ਤਰਲ ਪਦਾਰਥ ਉਹ ਹੁੰਦੇ ਹਨ ਜਿਨ੍ਹਾਂ ਦੇ ਆਰ-ਪਾਰ ਦੇਖਿਆ ਜਾ ਸਕਦਾ ਹੈ (ਜਿਵੇਂ ਪਾਣੀ, ਸਾਫ਼ ਐਪਲ ਜੂਸ, ਚਿੱਟਾ ਗ੍ਰੇਪ ਜੂਸ)
- Jell-O (ਜੈਲੋ), ਸੰਤਰੇ ਦਾ ਜੂਸ, ਤਰੀ, ਚਾਹ ਅਤੇ ਕੌਫ਼ੀ ਸਾਫ਼ ਤਰਲ ਪਦਾਰਥ ਨਹੀਂ ਹਨ।

## ਪ੍ਰੋਸੀਜਰ ਵਾਲਾ ਦਿਨ The Day of the Procedure

### ਨਾਲ ਕੀ ਲਿਆਉਣਾ ਹੈ What to Bring

ਆਪਣੀਆਂ ਲੋੜੀਂਦੀਆਂ ਚੀਜ਼ਾਂ ਇੱਕੋ ਬਸਤੇ ਜਾਂ ਬੈਗ ਵਿੱਚ ਪਾ ਕੇ ਲਿਆਉਣ ਦਾ ਟੀਚਾ ਰੱਖੋ। ਜੇ ਤੁਸੀਂ ਘੱਟ ਸਮਾਨ ਲਿਆਉਗੇ ਤਾਂ ਦਿਨ ਵਿੱਚ ਉਸ ਨੂੰ ਚੁੱਕ ਕੇ ਤੁਰਨਾ-ਫਿਰਨਾ ਆਸਾਨ ਰਹੇਗਾ।

### ਜ਼ਰੂਰੀ ਚੀਜ਼ਾਂ:

- ਤੁਹਾਡੇ ਬੱਚੇ ਦਾ ਬੀ.ਸੀ. ਹੈਲਥ ਕੇਅਰ ਕਾਰਡ







- ਘਰ ਵਾਪਸ ਜਾਣ ਸਮੇਂ ਤੁਹਾਡੇ ਬੱਚੇ ਦੇ ਪਹਿਨਣ ਲਈ ਖੁੱਲ੍ਹੇ ਮੇਚ ਦੇ ਕੱਪੜੇ।

### ਜਿਹੜੀਆਂ ਚੀਜ਼ਾਂ ਲਿਆਉਣ ਦੀ ਸਲਾਹ ਦਿੱਤੀ ਜਾਂਦੀ ਹੈ:


- ਤੁਹਾਡੇ ਬੱਚੇ ਦਾ ਮਨਪਸੰਦ ਖਿਡੌਣਾ, ਕਿਤਾਬ ਜਾਂ ਕੰਬਲ।
- ਤੁਹਾਡੇ ਬੱਚੇ ਦਾ ਘਰ ਪਹਿਨਣ ਵਾਲਾ ਕੋਟ ਅਤੇ ਨਾ-ਤਿਲਕਣ ਵਾਲੀਆਂ ਚੱਪਲਾਂ ਜਾਂ ਬੂਟ।
- ਤੁਹਾਡੇ ਬੱਚੇ ਦਾ ਪੈਸੀਫਾਇਰ, ਉਸ ਵੱਲੋਂ ਆਮ ਇਸਤੇਮਾਲ ਕੀਤੀ ਜਾਣ ਵਾਲੀ ਬੋਤਲ ਜਾਂ ਸਿੱਪੀ ਕੱਪ।


BCCH © 2018 BC Children's Hospital

## ਕਿੱਥੇ ਜਾਣਾ ਹੈ Where to Go

ਹਸਪਤਾਲ ਦਾ ਇਲਾਕਾ ਬਹੁਤ ਵੱਡਾ ਹੈ। ਇਹ ਨਕਸ਼ਾ ਦੇਖੋ ਅਤੇ ਹੇਠਾਂ ਦੱਸੇ ਰਾਹ ਦੀ ਪਾਲਣਾ ਕਰੋ: http://www.bcchildrens.ca/About-Site/Documents/CW_Campus_Wayfinding_Map.pdf

1. ਚਿਲਡ੍ਰਨ'ਜ਼ ਐਂਡ ਵਿਮੈਨ'ਜ਼ ਕੈਂਪਸ ਵਿੱਚ ਦਾਖ਼ਲ ਹੋਣ ਤੋਂ ਬਾਅਦ Teck Acute Care Centre (ਟੈਕ ਐਕਿਊਟ ਕੇਅਰ ਸੈਂਟਰ) (ਪ੍ਰਵੇਸ਼ #53) ਦੇ ਸਾਈਨ ਦੇਖ ਕੇ ਅੱਗੇ ਵਧੋ।
2. ਤੁਸੀਂ Teck Acute Care Centre ਦੀ ਜ਼ਮੀਨ ਹੇਠਲੀ ਪਾਰਕਿੰਗ ਜਾਂ ਨੇੜੇ ਦੀਆਂ ਜ਼ਮੀਨੀ ਥਾਂਵਾਂ 'ਤੇ ਆਪਣੀ ਗੱਡੀ ਖੜ੍ਹੀ ਕਰ ਸਕਦੇ ਹੋ।
3. ਐਮਰਜੰਸੀ ਡਿਪਾਰਟਮੈਂਟ ਦੇ ਬਾਹਰ ਮੁਫ਼ਤ ਵੈਲੇ ਸੇਵਾ ਵੀ ਉਪਲਬਧ ਹੈ।
4. Teck Acute Care ਇਮਾਰਤ ਦੀ ਲਾਬੀ ਵਿੱਚ ਆ ਕੇ ਐਲੀਵੇਟਰ ਰਾਹੀਂ ਤੀਜੀ ਮੰਜ਼ਿਲ 'ਤੇ ਆਓ।
5. ਐਲੀਵੇਟਰ ਤੋਂ ਬਾਹਰ ਨਿਕਲਣ ਤੋਂ ਬਾਅਦ ਸੱਜੇ ਮੁੜ ਕੇ ਜਨਰਲ ਪ੍ਰੋਸੀਜਰਜ਼ ਰਿਸੈਪਸ਼ਨ ਡੈਸਕ 'ਤੇ ਪਹੁੰਚੋ।



# ਤੁਹਾਡੇ ਬੱਚੇ ਦਾ ਪ੍ਰੋਸੀਜਰ

**Anesthetic Care Unit (ACU) Punjabi**

ਡਿਪਾਰਟਮੈਂਟ ਆਫ਼ ਸਰਜਰੀ ਐਂਡ ਐਨਸਥੀਸੀਆ
Department of Surgery and Anesthesia
4480 Oak Street, Vancouver, BC V6H 3V4
604-875-2345 1-888-300-3088
www.bcchildrens.ca

## ਸਿਹਤ ਸੰਭਾਲ ਟੀਮ ਨੂੰ ਮਿਲਣਾ

### Meeting the Healthcare Team

ਜਨਰਲ ਪ੍ਰੋਸੀਜਰਜ਼ ਵਿਖੇ ਫਰੰਟ ਡੈਸਕ 'ਤੇ ਚੈੱਕ-ਇਨ ਕਰਨ ਮਗਰੋਂ ਤੁਹਾਨੂੰ ਇੱਕ ਮਰੀਜ਼ ਲਈ ਥਾਂ ਵਾਲੇ ਆਪਰੇਸ਼ਨ ਤੋਂ ਪਹਿਲਾਂ ਵਾਲੇ ਕਮਰੇ ਵਿੱਚ ਭੇਜਿਆ ਜਾਵੇਗਾ। ਇੱਥੇ ਤੁਹਾਨੂੰ ਪ੍ਰੋਸੀਜਰ ਤੋਂ ਪਹਿਲਾਂ, ਪ੍ਰੋਸੀਜਰ ਦੌਰਾਨ ਅਤੇ ਪ੍ਰੋਸੀਜਰ ਤੋਂ ਬਾਅਦ ਤੁਹਾਡੇ ਬੱਚੇ ਦਾ ਖਿਆਲ ਰੱਖਣ ਵਾਲੀ ਟੀਮ ਨੂੰ ਮਿਲਣ ਦਾ ਮੌਕਾ ਮਿਲੇਗਾ।

1. ਜਦੋਂ ਤੁਸੀਂ ਆਪਣੇ ਬੱਚੇ ਨੂੰ ਗਾਊਨ ਪਹਿਨਾ ਦਿਉਗੇ, ਉਦੋਂ ਇੱਕ ਨਰਸ ਅਤੇ ਕੇਅਰ ਏਡ ਵੱਲੋਂ ਤੁਹਾਡੇ ਬੱਚੇ ਦੀ ਜਾਂਚ ਕੀਤੀ ਜਾਵੇਗੀ। ਇਸ ਵਿੱਚ ਤੁਹਾਡੇ ਬੱਚੇ ਦਾ ਕੱਦ ਨਾਪਣਾ ਅਤੇ ਭਾਰ ਜੋਖਣਾ ਅਤੇ ਨਾਲ ਹੀ ਉਸ ਦੇ ਸਰੀਰ ਦੇ ਅਹਿਮ ਸੰਕੇਤ (ਬਲੱਡ ਪ੍ਰੈਸ਼ਰ, ਸਰੀਰ ਦਾ ਤਾਪਮਾਨ, ਨਬਜ਼ ਅਤੇ ਆਕਸੀਜਨ ਦਾ ਪੱਧਰ) ਦੇਖਣੇ ਸ਼ਾਮਲ ਹਨ।
2. ਇੱਕ ਐਨਸਥੀਸਿਸਟ (ਬੇਹੋਸ਼ੀ ਜਾਂ ਸੁੰਨ ਕਰਨ ਦੀ ਦਵਾਈ ਦੇਣ ਵਾਲਾ ਮਾਹਰ ਡਾਕਟਰ) ਤੁਹਾਨੂੰ ਦੱਸੇਗਾ ਕਿ ਪ੍ਰੋਸੀਜਰ ਵਾਲੇ ਕਮਰੇ ਵਿੱਚ ਕੀ ਕੀਤਾ ਜਾਵੇਗਾ ਅਤੇ ਤੁਹਾਡਾ ਬੱਚਾ ਪ੍ਰੋਸੀਜਰ ਲਈ ਦਵਾਈ ਦੇ ਪ੍ਰਭਾਵ ਹੇਠ ਕਿਵੇਂ ਸੌਂ ਜਾਵੇਗਾ।
3. ਤੁਹਾਡੇ ਬੱਚੇ ਦਾ ਸਰਜਨ/ਪ੍ਰੋਸੀਜਰ ਕਰਨ ਵਾਲਾ ਵੀ ਤੁਹਾਡੇ ਬੱਚੇ ਦੇ ਪ੍ਰੋਸੀਜਰ ਤੋਂ ਪਹਿਲਾਂ ਤੁਹਾਨੂੰ ਮਿਲੇਗਾ। ਪ੍ਰੋਸੀਜਰ ਤੋਂ ਫ਼ੌਰਨ ਪਹਿਲਾਂ ਕੋਈ ਸਵਾਲ ਪੁੱਛਣ ਲਈ ਇਹ ਤੁਹਾਡਾ ਮੌਕਾ ਹੋਵੇਗਾ।
4. ਜੇ ਤੁਹਾਡੇ ਬੱਚੇ ਦੀ ਉਮਰ ਇੱਕ ਸਾਲ ਤੋਂ ਵੱਧ ਹੈ ਅਤੇ ਜੇ ਉਸ ਦੇ ਦਿਰਦੈ ਦੀ ਸਰਜਰੀ ਨਹੀਂ ਹੋ ਰਹੀ ਤਾਂ ਤੁਹਾਡਾ ਪਰਿਵਾਰ ਐਨਸਥੀਸਿਸਟ ਨਾਲ ਇਹ ਫੈਸਲਾ ਕਰੇਗਾ ਕਿ ਪ੍ਰੋਸੀਜਰ ਰੂਮ ਵਿੱਚ ਬੱਚੇ ਦੇ ਸੌਂ ਜਾਣ ਤਕ ਕਿਸ ਦਾ ਬੱਚੇ ਕੋਲ ਰਹਿਣਾ ਠੀਕ ਰਹੇਗਾ।
5. ਪ੍ਰੋਸੀਜਰ ਰੂਮ ਅੰਦਰ ਤੁਸੀਂ ਆਪਣੇ ਬੱਚੇ ਨੂੰ ਢਾਰਸ ਦੇ ਸਕਦੇ ਹੋ, ਉਸ ਦਾ ਧਿਆਨ ਵੰਡਾ ਸਕਦੇ ਹੋ ਅਤੇ ਉਸ ਨੂੰ ਹੌਸਲਾ ਦੇ ਸਕਦੇ ਹੋ।

**ਐਨਸਥੈਟਿਕ ਕਾਰਣ ਤੁਹਾਡਾ ਬੱਚਾ ਬਹੁਤ ਛੇਤੀ ਸੌਂ ਜਾਵੇਗਾ। ਇਹ ਨਾਲ ਆਏ ਮਾਤਾ ਜਾਂ ਪਿਤਾ ਨੂੰ ਪਰੇਸ਼ਾਨ ਕਰ ਸਕਦਾ ਹੈ। ਜੇ ਤੁਹਾਨੂੰ ਕਿਸੇ ਵੀ ਸਮੇਂ ਚੱਕਰ ਆਉਂਦੇ ਮਹਿਸੂਸ ਹੋਣ ਤਾਂ ਆਪਣੀ ਨੇੜਲੀ ਨਰਸ ਜਾਂ ਡਾਕਟਰ ਨੂੰ ਦੱਸੋ।**

6. ਤੁਹਾਡੇ ਬੱਚੇ ਦੇ ਸੌਂ ਜਾਣ 'ਤੇ ਸਟਾਫ਼ ਦਾ ਕੋਈ ਮੈਂਬਰ ਤੁਹਾਨੂੰ ਵੇਟਿੰਗ ਏਰੀਆ (ਇੰਤਜ਼ਾਰ ਕਰਨ ਵਾਲੀ ਥਾਂ) ਵਿਖੇ ਛੱਡ ਦੇਵੇਗਾ। ਇੰਤਜ਼ਾਰ ਕਰਦੇ ਹੋਏ ਤੁਸੀਂ ਕੌਫ਼ੀ ਜਾਂ ਖਾਣ ਵਾਸਤੇ ਕੁਝ ਲੈਣ ਲਈ ਨੇੜੇ-ਤੇੜੇ ਤੁਰ ਕੇ ਜਾ ਸਕਦੇ ਹੋ। ਇਸ ਨਾਲ ਤੁਹਾਨੂੰ ਸ਼ਾਂਤ ਮਹਿਸੂਸ ਕਰਨ ਅਤੇ ਬੱਚੇ ਦੇ ਜਾਗਣ ਉਪਰੰਤ ਉਸ ਨੂੰ ਸਹਾਰਾ ਦੇਣ ਵਿੱਚ ਮਦਦ ਮਿਲੇਗੀ।
7. ਪ੍ਰੋਸੀਜਰ ਖ਼ਤਮ ਹੋਣ ਤੋਂ ਬਾਅਦ ਤੁਹਾਡੇ ਬੱਚੇ ਦਾ ਡਾਕਟਰ ਵੇਟਿੰਗ ਰੂਮ ਵਿੱਚ ਆ ਕੇ ਤੁਹਾਨੂੰ ਦੱਸੇਗਾ ਕਿ ਸਭ ਕੁਝ ਕਿਵੇਂ ਰਿਹਾ। ਇਸ ਸਮੇਂ ਲਈ ਵੇਟਿੰਗ ਰੂਮ ਅੰਦਰ ਤੁਹਾਡਾ ਮੌਜੂਦ ਹੋਣਾ ਮਹੱਤਵਪੂਰਣ ਹੈ।
8. ਜਨਰਲ ਪ੍ਰੋਸੀਜਰਜ਼ ਦਾ ਕੋਈ ਸਟਾਫ਼ ਮੈਂਬਰ ਤੁਹਾਨੂੰ ਵੇਟਿੰਗ ਏਰੀਆ ਵਿੱਚ ਲੱਭ ਲਏਗਾ ਤਾਂ ਕਿ ਤੁਸੀਂ (ਅਤੇ ਦੂਜਾ ਮਾਪਾ ਜਾਂ ਦੇਖਭਾਲ ਕਰਨ ਵਾਲਾ) ਰਿਕਵਰੀ ਰੂਮ ਅੰਦਰ ਬੱਚੇ ਦੇ ਕੋਲ ਰਹਿ ਸਕੋ।


BCCH © 2018 BC Children's Hospital

# ਤੁਹਾਡੇ ਬੱਚੇ ਦਾ ਪ੍ਰੋਸੀਜਰ

## Anesthetic Care Unit (ACU)
## Punjabi

ਡਿਪਾਰਟਮੈਂਟ ਆਫ਼ ਸਰਜਰੀ ਐਂਡ ਐਨਸਥੀਸੀਆ
**Department of Surgery and Anesthesia**
4480 Oak Street, Vancouver, BC V6H 3V4
604-875-2345 1-888-300-3088
www.bcchildrens.ca

## ਰਿਕਵਰੀ ਵਿੱਚ ਕੀ ਹੁੰਦਾ ਹੈ

### What Happens in Recovery

- ਪ੍ਰੋਸੀਜਰ ਤੋਂ ਬਾਅਦ ਜਦੋਂ ਵੀ ਅਜਿਹਾ ਕਰਨਾ ਸੁਰੱਖਿਅਤ ਹੋਵੇਗਾ ਉਦੋਂ ਸਟਾਫ਼ ਤੁਹਾਨੂੰ ਤੁਹਾਡੇ ਬੱਚੇ ਦੇ ਕੋਲ ਸੱਦ ਲਏਗਾ। ਤੁਹਾਡੇ ਬੱਚੇ ਦੇ ਹੋਸ਼ ਵਿੱਚ ਆਉਣ ਤੋਂ ਪਹਿਲਾਂ ਤੁਹਾਨੂੰ ਬੱਚੇ ਦੇ ਸਿਰਹਾਣੇ ਲਿਆਉਣ ਲਈ ਹਰ ਯਤਨ ਕੀਤਾ ਜਾਂਦਾ ਹੈ ਪਰ ਹੋ ਸਕਦਾ ਹੈ ਕਿ ਜਦੋਂ ਤੁਸੀਂ ਆਓ ਤਾਂ ਤੁਹਾਡਾ ਬੱਚਾ ਪਹਿਲਾਂ ਹੀ ਹੋਸ਼ ਵਿੱਚ ਆ ਰਿਹਾ ਹੋਵੇ।
- ਹੋਸ਼ ਵਿੱਚ ਆਉਣ 'ਤੇ ਤੁਹਾਡਾ ਬੱਚਾ ਸੁਸਤ, ਉਲਝਣ ਵਿੱਚ, ਬੇਚੈਨ ਜਾਂ ਪਰੇਸ਼ਾਨ ਹੋ ਸਕਦਾ ਹੈ। ਪਲੰਘ ਦੇ ਨਾਲ ਲੱਗਾ ਜੰਗਲਾ ਉੱਪਰ ਕਰਕੇ ਰੱਖੋ ਅਤੇ ਬੱਚੇ ਦੀ ਸੁਰੱਖਿਆ ਲਈ ਉਸ ਦੇ ਕੋਲ ਰਹੋ।
  ਤੁਸੀਂ ਆਪਣੇ ਬੱਚੇ ਬਾਰੇ ਸਭ ਤੋਂ ਚੰਗੀ ਤਰ੍ਹਾਂ ਜਾਣਦੇ ਹੋ। ਜੇ ਤੁਹਾਨੂੰ ਲਗਦਾ ਹੈ ਕਿ ਤੁਹਾਡਾ ਬੱਚਾ ਪਿਆਸਾ ਹੈ ਜਾਂ ਉਸ ਨੂੰ ਬੇਅਰਾਮੀ ਹੈ ਤਾਂ ਆਪਣੇ ਬੱਚੇ ਦੀ ਨਰਸ ਨੂੰ ਦੱਸੋ।
- ਪੂਰੀ ਤਰ੍ਹਾਂ ਹੋਸ਼ ਵਿੱਚ ਆਉਣ ਅਤੇ ਆਰਾਮ ਮਹਿਸੂਸ ਕਰਨ ਤਕ ਤੁਹਾਡਾ ਬੱਚਾ ਰੀਕਵਰੀ ਵਿੱਚ ਰਹੇਗਾ।
  - ਜੇ ਤੁਹਾਡਾ ਬੱਚਾ ਰਾਤ ਨੂੰ ਵੀ ਹਸਪਤਾਲ ਵਿੱਚ ਦਾਖ਼ਲ ਰਹੇਗਾ ਤਾਂ ਨਰਸ ਤੁਹਾਡੇ ਬੱਚੇ ਨੂੰ ਵਾਰਡ ਵਿੱਚ ਭੇਜਣ ਲਈ ਤਾਲਮੇਲ ਬਣਾਏਗੀ।
  - ਜੇ ਤੁਹਾਡੇ ਬੱਚੇ ਦਾ ਪ੍ਰੋਸੀਜਰ ਕੀਤੇ ਜਾਣ ਤੋਂ ਬਾਅਦ ਉਸੇ ਦਿਨ ਹਸਪਤਾਲ ਤੋਂ ਉਸ ਦੀ ਛੁੱਟੀ ਕਰ ਦਿੱਤੀ ਜਾਵੇਗੀ ਤਾਂ ਨਰਸ ਤੁਹਾਨੂੰ ਦੱਸੇਗੀ ਕਿ ਤੁਸੀਂ ਘਰ ਵਿੱਚ ਆਪਣੇ ਬੱਚੇ ਦੀ ਦੇਖਭਾਲ ਕਿਵੇਂ ਕਰਨੀ ਹੈ; ਇਸ ਵਿੱਚ ਇਹ ਵੀ ਸ਼ਾਮਲ ਹੈ ਕਿ ਤੁਸੀਂ ਆਪਣੇ ਬੱਚੇ ਨੂੰ ਕਦੋਂ ਅਤੇ ਕੀ ਖਿਲਾਉਣਾ ਹੈ ਅਤੇ ਉਸ ਦਾ ਦਰਦ ਕਿਵੇਂ ਕਾਬੂ ਕਰਨਾ ਹੈ।


BCCH © 2018 BC Children's Hospital

# ਤੁਹਾਡੇ ਬੱਚੇ ਦਾ ਪ੍ਰੋਸੀਜਰ

## Anesthetic Care Unit (ACU) Punjabi

ਡਿਪਾਰਟਮੈਂਟ ਆਫ਼ ਸਰਜਰੀ ਐਂਡ ਐਨਸਥੀਸੀਆ
Department of Surgery and Anesthesia
4480 Oak Street, Vancouver, BC V6H 3V4
604-875-2345 1-888-300-3088
www.bcchildrens.ca

ਆਪਰੇਸ਼ਨ ਤੋਂ ਪਹਿਲਾਂ ਕੁਝ ਨਾ ਖਾਣਾ: ਇਹ ਕਿਉਂ ਜ਼ਰੂਰੀ ਹੈ ਕਿ ਐਨਸਥੈਟਿਕ (ਬੇਹੋਸ਼ ਕਰਨ ਵਾਲੀ ਦਵਾਈ) ਦਿੱਤੇ ਜਾਣ ਤੋਂ ਪਹਿਲਾਂ ਤੁਹਾਡਾ ਬੱਚਾ ਕੁਝ ਵੀ ਖਾਵੇ ਜਾਂ ਪੀਵੇ ਨਾ?

Preoperative Fasting: Why shouldn't your child eat or drink before their anesthetic?

ਜਦੋਂ ਤੁਹਾਡੇ ਬੱਚੇ ਨੂੰ ਐਨਸਥੈਟਿਕ (ਬੇਹੋਸ਼ ਕਰਨ ਵਾਲੀ ਦਵਾਈ) ਦਿੱਤਾ ਜਾਂਦਾ ਹੈ ਉਦੋਂ ਉਸ ਦਾ ਟਿੱਢ ਖਾਲੀ ਹੋਣਾ ਬਹੁਤ ਮਹੱਤਵਪੂਰਣ ਹੈ। ਅਜਿਹਾ ਇਸ ਲਈ ਹੈ ਤਾਂ ਕਿ ਐਨਸਥੈਟਿਕ ਦਾ ਅਸਰ ਸ਼ੁਰੂ ਹੋਣ 'ਤੇ ਕਿਤੇ ਉਸ ਨੂੰ ਉਲਟੀ ਨਾ ਆ ਜਾਵੇ ਅਤੇ ਉਸ ਦਾ ਦਮ ਨਾ ਘੁਟ ਜਾਵੇ। ਬੱਚੇ ਨੂੰ ਐਨਸਥੈਟਿਕ ਦਿੱਤੇ ਜਾਣ ਤੋਂ ਪਹਿਲਾਂ ਜੇ ਉਸ ਦੇ ਪੇਟ ਵਿੱਚ ਭੋਜਨ ਮੌਜੂਦ ਹੋਵੇ ਤਾਂ ਉਹ ਉਸ ਦੇ ਫੇਫੜਿਆਂ ਵਿੱਚ ਜਾ ਸਕਦਾ ਹੈ ਅਤੇ ਤੁਹਾਡੇ ਬੱਚੇ ਨੂੰ ਨਿਮੋਨੀਆ ਹੋ ਸਕਦਾ ਹੈ।

ਇਸ ਲਈ ਅਸੀਂ ਚਾਹੁੰਦੇ ਹਾਂ ਕਿ ਐਨਸਥੈਟਿਕ ਦਿੱਤੇ ਜਾਣ ਤੋਂ ਪਹਿਲਾਂ ਤੁਹਾਡੇ ਬੱਚੇ ਦਾ ਪੇਟ ਵੱਧ ਤੋਂ ਵੱਧ ਖਾਲੀ ਹੋਵੇ – ਤਾਂ ਕਿ ਤੁਹਾਡਾ ਬੱਚਾ ਸੁਰੱਖਿਅਤ ਰਹੇ। ਅਸੀਂ ਸਮਝਦੇ ਹਾਂ ਕਿ ਭੁੱਖਾ ਬੱਚਾ ਪਰੇਸ਼ਾਨ ਅਤੇ ਚਿੜਚਿੜਾ ਹੋਇਆ ਹੁੰਦਾ ਹੈ, ਅਸੀਂ ਜਾਣਦੇ ਹਾਂ ਕਿ ਮਾਪਿਆਂ ਲਈ ਆਪਣੇ ਬੱਚੇ ਨੂੰ ਭੁੱਖਾ ਰੱਖਣਾ ਬਹੁਤ ਔਖਾ ਹੁੰਦਾ ਹੈ – ਕੋਈ ਵੀ ਮਾਪਾ ਇਹ ਨਹੀਂ ਚਾਹੁੰਦਾ ਕਿ ਉਨ੍ਹਾਂ ਦਾ ਬੱਚਾ ਭੁੱਖਾ ਰਹੇ। ਪਰ ਐਨਸਥੈਟਿਕ ਮਿਲਣ ਵੇਲੇ ਬੱਚੇ ਨੂੰ ਵੱਧ ਤੋਂ ਵੱਧ ਸੁਰੱਖਿਅਤ ਰੱਖਣ ਲਈ ਸਾਨੂੰ ਤੁਹਾਡੀ ਮਦਦ ਚਾਹੀਦੀ ਹੈ।

ਯਾਦ ਰੱਖੋ, ਅਸੀਂ ਚਾਹੁੰਦੇ ਹਾਂ ਕਿ ਤੁਹਾਡੇ ਬੱਚੇ ਨੂੰ ਐਨਸਥੈਟਿਕ ਦਿੱਤੇ ਜਾਣ ਤੋਂ ਪਹਿਲਾਂ ਤੁਸੀਂ ਹੇਠ ਲਿਖੀਆਂ ਸੇਧਾਂ ਦੀ ਪਾਲਣਾ ਕਰੋ:

ਬੀ.ਸੀ. ਚਿਲਡ੍ਰਨ'ਜ਼ ਹਸਪਤਾਲ ਵਿਖੇ ਤੁਹਾਡੇ ਆਉਣ ਤੋਂ **6 ਘੰਟੇ** ਪਹਿਲਾਂ ਤੁਹਾਡਾ ਬੱਚਾ ਕੁਝ ਵੀ ਖਾ ਜਾਂ ਪੀ ਸਕਦਾ ਹੈ।

ਜੇ ਤੁਹਾਡਾ ਬੱਚਾ ਮਾਂ ਦਾ ਦੁੱਧ ਪੀਂਦਾ ਹੈ ਤਾਂ ਉਹ ਬੀ.ਸੀ. ਚਿਲਡ੍ਰਨ'ਜ਼ ਹਸਪਤਾਲ ਵਿਖੇ ਤੁਹਾਡੇ ਆਉਣ ਤੋਂ **4 ਘੰਟੇ** ਪਹਿਲਾਂ ਮਾਂ ਦਾ ਸਾਦਾ ਦੁੱਧ ਪੀ ਸਕਦਾ ਹੈ।

ਤੁਹਾਡਾ ਬੱਚਾ ਮਾਂ ਤੁਹਾਡੇ ਆਉਣ ਤੋਂ **1 ਘੰਟੇ** ਪਹਿਲਾਂ ਪਾਣੀ, ਵ੍ਹਾਈਟ ਗ੍ਰੇਪ ਜੂਸ ਜਾਂ ਐਪਲ ਜੂਸ ਪੀ ਸਕਦਾ ਹੈ। ਇਸ ਤੋਂ ਬਾਅਦ ਕਿਰਪਾ ਕਰਕੇ ਖਾਣ ਜਾਂ ਪੀਣ ਲਈ ਕੁਝ ਨਾ ਦਿਓ!

*Developed by the General Procedures ACU with assistance from the Patient Experience department*
BCCH © 2018 BC Children's Hospital
Punjabi

## ਤੁਹਾਡੇ ਬੱਚੇ ਦਾ ਪ੍ਰੋਸੀਜਰ

**Anesthetic Care Unit (ACU)**
**Punjabi**

ਡਿਪਾਰਟਮੈਂਟ ਆਫ਼ ਸਰਜਰੀ ਐਂਡ ਐਨਸਥੀਸੀਆ
Department of Surgery and Anesthesia
4480 Oak Street, Vancouver, BC V6H 3V4
604-875-2345 1-888-300-3088
www.bcchildrens.ca

ਇਨ੍ਹਾਂ ਹਿਦਾਇਤਾਂ ਬਾਰੇ ਜੇ ਤੁਹਾਡੇ ਕੋਈ ਸਵਾਲ ਜਾਂ ਚਿੰਤਾਵਾਂ ਹਨ ਤਾਂ ਕਿਰਪਾ ਕਰਕੇ ਐਨਸਥੈਟਿਕ ਕੇਅਰ ਯੂਨਿਟ ਦੀਆਂ ਨਰਸਾਂ ਨੂੰ 604-875-2191 'ਤੇ ਫ਼ੋਨ ਕਰੋ। ਅਸੀਂ ਤੁਹਾਨੂੰ ਛੇਤੀ ਮਿਲਣ ਦੀ ਆਸ ਕਰਦੇ ਹਾਂ ਅਤੇ ਇਸ ਮਹੱਤਵਪੂਰਣ ਸੁਰੱਖਿਆ ਮੁੱਦੇ ਵਿੱਚ ਤੁਹਾਡੀ ਮਦਦ ਲਈ ਤੁਹਾਡਾ ਧੰਨਵਾਦ ਕਰਦੇ ਹਾਂ!

*Developed by the General Procedures ACU with assistance from the Patient Experience department*
BCCH © 2018 BC Children's Hospital